# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

## 13:10

**ਮਿਤੀ :13-05-2026**

ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ 12ਵੀਂ ਜਮਾਤ ਦੇ ਨਤੀਜੇ ਐਲਾਨ ਦੀਤੇ ਗਏ ਨੇ । ਮਾਨਸਾ ਦੀ ਵਿਦਿਆਰਥਣ ਸੁਪਨੀਤ ਕੌਰ ਪਹਲੇ ਤੇ ਲੁਧਿਆਣਾ ਦੀਆਂ ਵਿਦਿਅਰਥਣਾ ਸੁਹਾਣੀ ਚੋਹਾਨ ਤੇ ਦਿਵਾਸ਼ੀ ਦੂਜੇ ਤੇ ਤੀਜੇ ਸਥਾਨ ਤੇ ਰਹੀਆਂ ਨੇ । ਸਿੱਖਿਆ ਬੋਰਡ ਦੇ ਚੇਅਰਮੈਨ ਅਮਰਪਾਲ ਸਿੰਘ ਨੇ ਵੇਰਵੇ ਸਾਂਝੇ ਕਰਦਿਆਂ ਦੱਸਿਆ ਕਿ 3 ਹਜ਼ਾਰ 817 ਸਕੂਲਾਂ ਦੇ 2 ਲੱਖ 65 ਹਜ਼ਾਰ 417 ਵਿਡੀਅਰਥੀ ਇਸ ਪ੍ਰੀਖਿਆ ਵਿਚ ਬੈਠੇ ਸਨ । ਉਹਨਾਂ ਦੱਸਿਆ ਕਿ

Byte

---------------------------------------------------

ਪੰਜਾਬ ਸਰਕਾਰ ਨੇ ਪਰ੍ਬੰਧਕੀ ਜ਼ਰੂਰਤਾਂ ਨੂੰ ਧਿਆਨ ਵਿਚ ਰੱਖਦਿਆਂ 4 ias ਅਧਿਕਾਰੀਆਂ ਦੇ ਵਿਭਾਗਾਂ ਵਿਚ ਫੇਰਬਦਲ ਕੀਤਾ ਏ। ਜਲੰਧਰ ਡਵੀਜਨ ਦੇ ਕਮਿਸ਼ਨਰ ਅਤੇ ਸੂਚਨਾ ਤੇ ਲੋਕ ਸੰਪਰਕ ਵਿਭਾਗ ਦੇ ਪਰ੍ਬੰਧਕੀ ਸਕਤਰ ਰਾਮਵੀਰ ਕੋਲੋਂ ਸਕੱਤਰ ਲੋਕ ਸੰਪਰਕ ਵਿਭਾਗ ਦਾ

ਚਾਰਜ ਵਾਪਸ ਲੈ ਕੇ ਜਲ ਸਪਲਾਈ ਤੇ ਸੈਨਈਟੇਸ਼ਨ ਵਿਭਾਗ ਦੇ ਪਰ੍ਬੰਧਕੀ ਸਕੱਤਰ ਦਾ ਵਾਧੂ ਚਾਰਜ ਸੌਂਪ ਦਿੱਤਾ ਏ। ਇਹ ਵਾਧੂ ਚਾਰਜ ਪੀਹਲਾਂ ਨੀਲਕੰਠ ਐਸ ਅਵਧ ਕੋਲ ਸੀ, ਜੋ ਕੇਂਦਰੀ ਡੈਪੂਟੇਸ਼ਨ ਤੇ ਚਲੇ ਗਏ ਨੇ। ਸਿਹਤ ਤੇ ਪਰਿਵਾਰ ਭਲਾਈ ਵਿਭਾਗ ਦੇ ਸਕੱਤਰ ਘਨਸ਼ੀਆਂਮ ਥੋਰੀ, ਜਿਨਾਂ ਕੋਲ ਰਾਸ਼ਟਰੀ ਸਿਹਤ ਮਿਸ਼ਨ ਪੰਜਾਬ ਦੇ diractar ਦਾ ਵੀ ਵਾਧੂ ਚਾਰਜ ਏ, ਉਨਾਂ ਨੂੰ ਮੈਡੀਕਲ ਸਿੱਖਿਆ ਤੇ ਖੋਜ ਵਿਭਾਗ ਦੇ ਸਕੱਤਰ ਦਾ ਵੀ ਵਾਧੂ ਕਰਾਜਭਾਰ ਸੌਂਪਿਆਂ ਗਿਆ ਏ । ਇਹ ਵਿਭਾਗ ਪਹਿਲਾਂ ਪੁਨੀਤ ਗੋਯਲ ਕੋਲ ਸੀ, ਪੁਨੀਤ ਗੋਯਲ ਨੂੰ ਸੂਚਨਾ ਤੇ ਲੋਕ ਸੰਪਰਕ ਵਿਭਾਗ ਦੇ ਵਿਸ਼ੇਸ਼ ਸਕੱਤਰ ਨਿਯੁਕਤ  ਕੀਤਾ ਗਿਆ ਏ ਤੇ ਨਾਲ ਹੀ ਇਸ ਵਿਭਾਗ ਦੇ directar ਦਾ ਵੀ ਵਾਧੂ ਚਾਰਜ ਦਿੱਤਾ ਗਿਆ ਏ , ਅਕਸ਼ਿਤਾ ਗੁਪਤਾ , ਜੋ director ਸੂਚਨਾ ਤੇ ਲੋਕ ਸੰਪਰਕ ਵਿਭਾਗ ਸਨ, ਨੂੰ ਰੂਪਨਗਰ ਦਾ ਵਧੀਕ ਡਿਪਟੀ ਕਮਿਸ਼ਨਰ (ਜਨਰਲ ) ਨਿਯੁਕਤ ਕੀਤਾ ਗਿਆ ਏ।

-----------------------------------------------------------

ਪੰਜਾਬ ਸਰਕਾਰ ਨੇ ਰੱਖਿਆ ਬਲਾਂ ਵਿੱਚ ਆਪਣਾ ਕਾਰਜਕਾਲ ਪੂਰਾ ਹੋਣ ਤੋਂ ਬਾਅਦ ਅਗਨੀਵੀਰਾਂ ਲਈ ਸਰਕਾਰੀ ਨੌਕਰੀਆਂ ਵਿੱਚ ਰਾਖਵਾਂਕਰਨ ਨੀਤੀ ਬਣਾਉਣ ਦਾ ਫੈਸਲਾ ਕੀਤਾ ਏ । ਇਸ ਕਾਰਜ ਲਈ ਰੂਪ-ਰੇਖਾ ਤੇ ਢਾਂਚੇ ਨੂੰ ਸਮਾਂਬੱਧ ਢੰਗ ਨਾਲ ਅੰਤਿਮ ਰੂਪ ਦੇਣ ਲਈ,

ਸੀਨੀਅਰ ਸਿਵਲ ਤੇ ਪੁਲਿਸ ਅਧਿਕਾਰੀਆਂ ਦੀ ਇੱਕ ਉੱਚ-ਸ਼ਕਤੀਸ਼ਾਲੀ ਕਮੇਟੀ ਦਾ ਗਠਨ ਕੀਤਾ ਗਿਆ ਏ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਰਾਖਵਾਂਕਰਨ ਵਧਾਉਣ ਨੂੰ ਸਿਧਾਂਤਕ ਤੌਰ 'ਤੇ ਪ੍ਰਵਾਨਗੀ ਦੇ ਦਿੱਤੀ ਏ ਤਾਂ ਜੋ ਇਹ ਸਿਖਲਾਈ ਪ੍ਰਾਪਤ ਤੇ ਅਨੁਸ਼ਾਸਿਤ ਨੌਜਵਾਨ ਪੰਜਾਬ ਦੇ ਸਮਾਜਿਕ ਅਤੇ ਆਰਥਿਕ ਵਿਕਾਸ ਦਾ ਇੱਕ ਅਨਿੱਖੜਵਾਂ ਅੰਗ ਬਣ ਸਕਣ। ਇਹ ਦੱਸਿਆ  ਗਿਆ ਏ  ਕਿ ਉਨ੍ਹਾਂ ਦੀਆਂ ਸੇਵਾਵਾਂ ਨੂੰ ਪੰਜਾਬ ਪੁਲਿਸ, ਜੰਗਲਾਤ ਗਾਰਡ, ਅੱਗ ਬੁਝਾਊ ਸੇਵਾਵਾਂ, ਜੇਲ੍ਹਾਂ,  ਹੋਮ ਗਾਰਡ ਅਤੇ ਸਰਕਾਰ ਦੇ ਕਈ ਹੋਰ  ਵਿਭਾਗਾਂ ਵਿੱਚ ਪ੍ਰਭਾਵਸ਼ਾਲੀ ਢੰਗ ਨਾਲ ਵਰਤਿਆ ਜਾ ਸਕਦਾ ਏ।

---------------------------------------------------------

ਪੰਜਾਬ  ਸਟੇਟ ਕੋਆਪਰੇਟਿਵ ਮਿਲਕ ਪ੍ਰੋਡਿਊਸਰਜ਼ ਫੈਡਰੇਸ਼ਨ ਲਿਮਟਿਡ, ਜਿਸ ਨੂੰ ਮਿਲਕਫੈੱਡ ਪੰਜਾਬ ਵਜੋਂ ਜਾਣਿਆ ਜਾਂਦਾ ਏ , ਮੌਜੂਦਾ ਵਿੱਤੀ ਸਾਲ ਦੌਰਾਨ ਲਗਭਗ 7,250 ਕਰੋੜ ਰੁਪਏ ਦਾ ਟਰਨਓਵਰ  ਦਰਜ ਕਰਨ ਲਈ ਤਿਆਰ ਏ। ਇਹ  ਪਿਛਲੇ ਵਿੱਤੀ ਸਾਲ ਦੇ 6,395 ਕਰੋੜ ਰੁਪਏ ਦੇ ਟਰਨਓਵਰ ਨਾਲੋਂ 13% ਵਧ ਹੋਵੇਗਾ। ਇਹ ਗੱਲ ਮਿਲਕਫੈੱਡ ਦੇ ਮੈਨੇਜਿੰਗ ਡਾਇਰੈਕਟਰ ਰਾਹੁਲ ਗੁਪਤਾ ਨੇ ਵੇਰਕਾ ਦੇ ਲੜਕੇ ਮਾਸਕਟ 'ਵੀਰਾ' ਦੀ ਲੜਕੀ  ਸਾਥੀ ਮਾਸਕਟ 'ਗੁੱਡੀ' ਦੇ ਉਦਘਾਟਨ ਮੌਕੇ ਕਹੀ।  ਮਾਸਕਟ 'ਗੁੱਡੀ' ਦੇ

ਉਦਘਾਟਨ ਨੂੰ ਪੰਜਾਬ ਦੇ ਸੱਭਿਆਚਾਰ ਵਿੱਚ ਡੂੰਘਾਈ ਨਾਲ ਵਸੇ ਮਜ਼ਬੂਤ ਪਰਿਵਾਰਕ ਕਦਰਾਂ-ਕੀਮਤਾਂ ਅਤੇ ਭਾਵਨਾਤਮਕ ਰਿਸ਼ਤਿਆਂ ਦਾ ਪ੍ਰਤੀਬਿੰਬ ਕਰਾਰ ਦਿੰਦੇ ਹੋਏ, ਸੂਬੇ ਦੇ ਮੁੱਖ ਸਕੱਤਰ, ਕੇ.ਏ.ਪੀ. ਸਿਨਹਾ ਨੇ ਕਿਹਾ ਕਿ ਆਪਣੇ ਵੱਡੇ ਵਿਜ਼ਨ-2026 ਤਹਿਤ ਮਿਲਕਫੈੱਡ ਬਾਜ਼ਾਰ ਤਕ ਤੇਜ਼ੀ ਨਾਲ ਪਹੁੰਚ ਵਧਾਉਣ, ਡੇਅਰੀ ਬੁਨਿਆਦੀ ਢਾਂਚੇ ਦੀ ਮਜ਼ਬੂਤੀ, ਡਿਜੀਟਲ ਪਰਿਵਰਤਨ, ਉਤਪਾਦ ਵਿਭਿੰਨਤਾ, ਕਿਸਾਨ ਖੁਸ਼ਹਾਲੀ ਨੂੰ ਵਧਾਉਣ ਤੇ ਖਪਤਕਾਰ-ਕੇਂਦ੍ਰਿਤ ਆਧੁਨਿਕ ਪ੍ਰਚੂਨ ਪ੍ਰਣਾਲੀਆਂ ਦੀ ਸਥਾਪਨਾ 'ਤੇ ਧਿਆਨ ਕੇਂਦਰਿਤ ਕਰ ਰਿਹਾ ਏ ।, ਮਸ਼ਹੂਰ ਵੇਰਕਾ ਬ੍ਰਾਂਡ ਦਾ ਮਾਲਕ ਮਿਲਕਫੈੱਡ ਭਾਰਤ ਦੀਆਂ ਸਭ ਤੋਂ ਵੱਡੀਆਂ ਸਹਿਕਾਰੀ ਡੇਅਰੀ ਸੰਸਥਾਵਾਂ ਵਿੱਚੋਂ ਇਕ ਏ , ਜੋ ਦੇਸ਼ ਭਰ ਦੇ ਖਪਤਕਾਰਾਂ ਨੂੰ ਗੁਣਵੱਤਾ ਵਾਲੇ ਦੁੱਧ ਅਤੇ ਦੁੱਧ ਉਤਪਾਦ ਪ੍ਰਦਾਨ ਕਰਦੇ ਹੋਏ, ਡੇਅਰੀ ਕਿਸਾਨਾਂ ਦੇ ਆਰਥਿਕ ਉੱਨਤੀ ਲਈ ਨਿਰੰਤਰ ਕੰਮ ਕਰ ਰਹੀ ਏ ।

---------------------------------------------------

ਰੂਪਨਗਰ ਦੇ ਜ਼ਿਲ੍ਹਾ ਮੈਜਿਸਟਰੇਟ ਅਦਿੱਤਿਆ ਡੇਚਲਵਾਲ ਵੱਲੋਂ ਜ਼ਿਲ੍ਹੇ ਦੀਆਂ ਸਾਰੀਆਂ ਯੂਨੀਵਰਸਿਟੀਆਂ, ਕਾਲਜਾਂ, ਸਕੂਲਾਂ ਤੇ ਹੋਰ ਵਿਦਿਅਕ ਸੰਸਥਾਵਾਂ ਨੂੰ ਭਾਰਤ ਸਰਕਾਰ ਵਲੋਂ ਲਾਗੂ ਕੀਤੇ ਗਏ “ਇਮੀਗ੍ਰੇਸ਼ਨ ਐਂਡ ਫੋਰਨਰਜ਼ ਐਕਟ, 2025” ਤੇ “ਇਮੀਗ੍ਰੇਸ਼ਨ ਐਂਡ ਫੋਰਨਰਜ਼ ਰੂਲਜ਼,

2025” ਦੀ ਪਾਲਣਾ ਯਕੀਨੀ ਬਣਾਉਣ ਲਈ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਗਏ ਨੇ। ਉਨ੍ਹਾਂ ਦੱਸਿਆ ਕਿ ਐਕਟ ਦੀ ਧਾਰਾ-9 ਅਨੁਸਾਰ ਹਰੇਕ ਯੂਨੀਵਰਸਿਟੀ, ਵਿੱਦਿਅਕ ਸੰਸਥਾ ਜਾਂ ਹੋਰ ਸੰਸਥਾ, ਜੋ ਕਿਸੇ ਵੀ ਵਿਦੇਸ਼ੀ ਵਿਦਿਆਰਥੀ ਨੂੰ ਦਾਖਲਾ ਦਿੰਦੀ ਏ, ਲਈ ਇਹ ਲਾਜ਼ਮੀ ਏ ਕਿ ਉਹ ਵਿਦਿਆਰਥੀ ਨਾਲ ਸਬੰਧਿਤ ਜਾਣਕਾਰੀ ਰਜਿਸਟ੍ਰੇਸ਼ਨ ਅਧਿਕਾਰੀ ਨੂੰ ਨਿਰਧਾਰਤ ਤਰੀਕੇ ਨਾਲ ਮੁਹੱਈਆ ਕਰਵਾਏ। ਉਹਨਾਂ ਦੱਸਿਆ ਕਿ ਨਵੇਂ ਨਿਯਮਾਂ ਅਨੁਸਾਰ ਕਿਸੇ ਵੀ ਵਿਦੇਸ਼ੀ ਵਿਦਿਆਰਥੀ ਨੂੰ ਦਾਖਲਾ ਦੇਣ ਤੋਂ 24 ਘੰਟਿਆਂ ਅੰਦਰ ਉਸ ਦੀ ਜਾਣਕਾਰੀ ਆਨਲਾਈਨ ਫੋਰਨਰਜ਼ ਰੀਜਨਲ ਰਜਿਸਟ੍ਰੇਸ਼ਨ ਆਫਿਸ ਨੂੰ ਦੇਣੀ ਲਾਜ਼ਮੀ ਹੋਵੇਗੀ।

------------------------------------------------------------